*“ਸਾਡੇ ਪਰਿਵਾਰ ਵਿਚ ਅਸੀਂ ਸਭ ਅੰਗਦਾਨ ਕਾਰਡ ਨਾਲ ਰੱਖਦੇ ਹਾਂ,
ਅਤੇ ਅਸੀਂ ਸਭ ਸਿੱਖਾਂ ਨੂੰ ਅਜਿਹਾ ਕਰਨ ਲਈ ਆਖਦੇ ਹਾਂ।”*

ਡਾਕਟਰ ਇੰਦਰਜੀਤ ਸਿੰਘ ਓ ਬੀ ਈ, ਡਾਇਰੈਕਟਰ ਆੱਫ਼ ਦ
ਨੈੱਟਵਰਕ ਆੱਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ।

## ਅੰਗਦਾਨ ਮਹਾਨ ਦਾਨ ਹੈ ਪਰ ਹੋਰ ਬਹੁਤ ਦਾਨੀਆਂ ਦੀ ਲੋੜ ਹੈ

ਨੇਕੀ ਦਾ ਕੰਮ ਕਰ ਕੋਈ ਕਰ ਸਕਦਾ ਹੈ
ਕਿਰਪਾ ਕਰਕੇ:

- ਆਪਣੇ ਪਰਿਵਾਰ ਨਾਲ ਗੱਲ ਕਰੋ
- ਆਪਣੀਆਂ ਇੱਛਾਵਾਂ ਰਜਿਸਟਰ ਕਰਵਾਓ
- ਅੰਗਦਾਨ ਕਾਰਡ ਆਪਣੇ ਨਾਲ ਰੱਖ

ਅੰਗਦਾਨ ਬਾਰੇ ਵਧੇਰੇ ਜਾਣਕਾਰੀ ਲੈਣ ਲਈ, ਜਾਂ ਐਨ ਐਚ ਐੱਸ ਦੇ ਅੰਗਦਾਨੀਆਂ ਦੇ ਰਜਿਸਟਰ ਵਿਚ ਸ਼ਾਮਿਲ ਹੋਣ ਲਈ, ਇਹਨਾਂ ਨੂੰ ਫ਼ੋਨ ਕਰੋ:

**ਓਰਗਨ ਡੋਨਰ ਲਾਈਨ**
**0845 60 60 400**
**www.uktransplant.org.uk**

ਸਿੱਖ ਧਰਮ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ:
www.bbc.co.uk/religion

## ਨਵੇਂ ਅੰਗ ਲਾਉਣ ਨਾਲ ਜਾਨ ਦੀ ਰੱਖਿਆ ਹੁੰਦੀ ਹੈ

Compiled by Rachel Howitt, Bradford Hospitals NHS Trust
Produced by UK Transplant, Fox Den Road, Stoke Gifford, Bristol BS34 8RR
© UK Transplant April 2003



NHS

UK Transplant

# ਸਿੱਖ ਧਰਮ ਅਤੇ ਅੰਗਦਾਨ

## ਅੰਗਦਾਨ ਕਰਨ ਅਤੇ ਸਿੱਖ ਧਰਮ ਦੇ ਸਿਧਾਂਤਾਂ ਬਾਰੇ ਜਾਣਕਾਰੀ

Sikhism
and organ donation
Punjabi

## ਅੰਗਦਾਨ ਕਰਨਾ (ਓਰਗਨ ਡੋਨੇਸ਼ਨ)

ਅੰਗਦਾਨ ਦਾ ਅਰਥ ਹੈ ਆਪਣੇ ਸਰੀਰ ਦਾ ਕੋਈ ਹਿੱਸਾ ਕਿਸੇ ਹੋਰ ਵਿਅਕਤੀ ਨੂੰ ਦਾਨ ਦੇਣਾ ਜਿਹਦੇ ਸਰੀਰ ਵਿਚ ਇਹ ਨਵਾਂ ਅੰਗ ਲਾਉਣ ਦੀ ਲੋੜ ਹੋਵੇ। ਅੰਗਦਾਨ ਕਰਨ ਨਾਲ ਹਰ ਸਾਲ ਸੈਂਕੜੇ ਲੋਕਾਂ ਦੀ ਜਾਨ ਬਚਦੀ ਹੈ। ਜ਼ਿਆਦਾਤਰ ਅੰਗ ਉਹਨਾਂ ਲੋਕਾਂ ਵਲੋਂ ਦਾਨ ਕੀਤੇ ਜਾਂਦੇ ਹਨ ਜਿਹਨਾਂ ਦੀ ਮੌਤ ਹੋ ਜਾਏ। ਫਿਰ ਦਿਲ, ਫੇਫੜਿਆਂ, ਗੁਰਦਿਆਂ, ਜਿਗਰ, ਪਾਚਨ ਗ੍ਰੰਥੀ ਅਤੇ ਛੋਟੀ ਆਂਤੜੀ ਵਰਗੇ ਅੰਗ ਦਾਨ ਕੀਤੇ ਜਾ ਸਕਦੇ ਹਨ। ਚਮੜੀ, ਹੱਡੀ, ਦਿਲ ਦੇ ਵਾਲਵ ਅਤੇ ਅੱਖਾਂ ਵਰਗੇ ਅੰਗਾਂ ਦੀ ਵਰਤੋਂ ਵੀ ਹੋਰਨਾਂ ਦੀ ਮਦਦ ਕਰਨ ਲਈ ਕੀਤੀ ਜਾ ਸਕਦੀ ਹੈ।

## ਅੰਗਦਾਨ ਦੇਣ ਦਾ ਕੰਮ ਕਦ ਕੀਤਾ ਜਾ ਸਕਦਾ ਹੈ?

ਡਾਕਟਰ ਅਤੇ ਨਰਸਾਂ ਕਿਸੇ ਦੀ ਜ਼ਿੰਦਗੀ ਨੂੰ ਬਚਾਉਣ ਦੀ ਹਰ ਕੋਸ਼ਿਸ਼ ਕਰਨ ਲਈ ਵਚਨ-ਬੱਧ ਹੁੰਦੇ ਹਨ। ਦਾਨ ਦੇਣ ਲਈ ਅੰਗ ਸਿਰਫ਼ ਤਦ ਕੱਢੇ ਜਾਂਦੇ ਹਨ ਜਦ ਕਿਸੇ ਦੀ ਮੌਤ ਹੋਈ ਨਿਸ਼ਚਿਤ ਹੋ ਜਾਏ। ਮੌਤ ਹੋ ਗਈ ਨਿਸ਼ਚਿਤ ਕਰਨ ਦਾ ਕੰਮ ਉਹ ਡਾਕਟਰ ਕਰਦਾ ਹੈ ਜਾਂ ਕਰਦੇ ਹਨ ਜੋ ਅੰਗ ਕੱਢਣ ਵਾਲੀ ਟੀਮ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦਾ ਹੈ।

ਦਾਨ ਦੇਣ ਲਈ ਜ਼ਿਆਦਾਤਰ ਅੰਗ ਉਹਨਾਂ ਮਰੀਜ਼ਾਂ ਦੇ ਲਏ ਜਾਂਦੇ ਹਨ ਜਿਹਨਾਂ ਦੀ ਮੌਤ ਹਸਪਤਾਲ ਵਿਚ ਇੰਨਟੈਂਸਿਵ ਕੇਅਰ ਯੂਨਿਟ ਵਿਚ ਵੈਂਟੀਲੇਟਰ 'ਤੇ ਦਿਮਾਗ਼ ਨੂੰ ਗੰਭੀਰ ਸੱਟ ਚੋਟ ਲੱਗਣ ਨਾਲ ਹੁੰਦੀ ਹੈ। ਦਿਮਾਗ਼ ਦੀ ਸੱਟ ਨਾਲ ਦਿਮਾਗ਼ ਦੇ ਮੁੱਢਲੇ ਹਿੱਸੇ ਵਿਚ ਜ਼ਿੰਦਗੀ ਨੂੰ ਕਾਇਮ ਰੱਖਣ ਵਾਲੇ ਸੈਂਟਰਾਂ ਨੂੰ ਨੁਕਸਾਨ ਪਹੁੰਚਦਾ ਹੈ। ਜਿਸ ਵਿਅਕਤੀ ਦੇ ਦਿਮਾਗ਼ ਦੇ ਮੁੱਢਲੇ ਹਿੱਸੇ ਦੀ ਮੌਤ ਹੋ ਜਾਏ ਉਹਨੂੰ ਜੀਉਂਦਾ ਨਹੀਂ ਰੱਖਿਆ ਜਾ ਸਕਦਾ। ਟੈਸਟ ਕਰਨ ਨਾਲ ਪੱਕਾ ਪਤਾ ਲਗ ਜਾਂਦਾ ਹੈ ਕਿ ਇਹ ਮੌਤ ਕਦ ਹੁੰਦੀ ਹੈ।

ਜਿਹੜੇ ਲੋਕਾਂ ਦੀ ਮੌਤ ਹਸਪਤਾਲ ਵਿਚ ਹੁੰਦੀ ਹੈ, ਪਰ ਵੈਂਟੀਲੇਟਰ 'ਤੇ ਨਹੀਂ, ਉਹ ਵੀ ਕਈ ਵਾਰ ਅੰਗਦਾਨ ਕਰ ਸਕਦੇ ਹਨ। ਇਹਨਾਂ ਨੂੰ ਦਿਲ ਨਾ ਧੜਕਣ ਵਾਲੇ ਦਾਨੀ ਆਖਿਆ ਜਾਂਦਾ ਹੈ।

ਜਿਹਨਾਂ ਲੋਕਾਂ ਦੀ ਮੌਤ ਹਸਪਤਾਲ ਵਿਚ ਨਹੀਂ ਹੁੰਦੀ, ਉਹ ਵੀ ਕਈ ਵਾਰ ਸਰੀਰ ਦੇ ਕੁਝ ਹਿੱਸੇ ਦਾਨ ਕਰ ਸਕਦੇ ਹਨ।

## ਇਜਾਜ਼ਤ

ਕਿਸੇ ਮ੍ਰਿਤਕ ਵਿਅਕਤੀ ਦੇ ਅੰਗ ਕੱਢਣ ਤੋਂ ਪਹਿਲਾਂ ਸਦਾ ਹੀ ਉਹਦੇ ਨਜ਼ਦੀਕੀ ਲੋਕਾਂ ਤੋਂ ਇਜਾਜ਼ਤ ਲਈ ਜਾਂਦੀ ਹੈ ਜਾਂ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹਨਾਂ ਨੂੰ ਇਤਰਾਜ਼ ਤਾਂ ਨਹੀਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਲੋਕ ਆਪਣੇ ਪਿਆਰਿਆਂ ਨੂੰ ਆਪਣੀਆਂ ਇੱਛਾਵਾਂ ਦੱਸ ਦੇਣ। ਅੰਗਦਾਨ ਕਰਨਾ ਕਿਸੇ ਵਿਅਕਤੀ ਦੀ ਆਪਣੀ ਇੱਛਾ ਅਨੁਸਾਰ ਹੁੰਦਾ ਹੈ, ਅਤੇ ਕਿਸੇ ਇਕ ਧਰਮ ਨੂੰ ਮੰਨਣ ਵਾਲਿਆਂ ਦੇ ਵਿਚਾਰ ਵੀ ਵੱਖ ਵੱਖ ਹੋ ਸਕਦੇ ਹਨ। ਅੰਗਦਾਨ ਦਾ ਸਮਰਥਨ ਕਰਨ ਵਾਲੇ ਕਈ ਪਰਿਵਾਰਾਂ ਨੇ ਕਿਹਾ ਹੈ ਕਿ ਉਹਨਾਂ ਨੂੰ ਪੈਣ ਵਾਲੇ ਘਾਟੇ ਤੋਂ ਜੇ ਕਿਸੇ ਦਾ ਭਲਾ ਹੋ ਜਾਏ, ਤਾਂ ਇਹ ਚੰਗੀ ਗੱਲ ਹੈ।

## ਧਿਆਨ ਅਤੇ ਸਤਿਕਾਰ

ਅੰਗ ਕੱਢਣ ਦਾ ਕੰਮ ਬੜੇ ਹੀ ਧਿਆਨ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਪਰਿਵਾਰ ਵਾਲੇ ਬਾਅਦ ਵਿਚ ਸਰੀਰ ਦੇਖ ਸਕਦੇ ਹਨ ਅਤੇ ਜੇ ਪਰਿਵਾਰ ਚਾਹੇ ਤਾਂ ਸਟਾਫ਼ ਕਿਸੇ ਗੁਰ-ਦਵਾਰੇ ਦੇ ਭਾਈ ਨਾਲ ਜਾਂ ਸਥਾਨਕ ਧਾਰਮਿਕ ਨੇਤਾ ਨਾਲ ਵੀ ਰਾਬਤਾ ਕਰ ਸਕਦਾ ਹੈ।

# ਸਿੱਖ ਧਰਮ ਅਤੇ ਅੰਗਦਾਨ

ਸਿੱਖ ਧਰਮ ਦੇ ਅਸੂਲਾਂ ਅਤੇ ਸਿੱਖਿਆਵਾਂ ਵਿਚ ਦਾਨ ਦੇਣ ਅਤੇ ਦੂਸਰੇ ਲੋਕਾਂ ਦੇ ਹਿਤਾਂ ਨੂੰ ਆਪਣੇ ਹਿਤਾਂ ਨਾਲੋਂ ਵੱਧ ਮਹੱਤਵ ਦੇਣ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ।

*"ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ।"*
*("ਜਿੱਥੇ "ਮੈਂ" ਦੀ ਭਾਵਨਾ ਹੋਵੇ ਉੱਥੇ ਪਰਮਾਤਮਾ ਨਹੀਂ ਹੁੰਦਾ, ਜਿੱਥੇ ਪਰਮਾਤਮਾ ਹੋਵੇ ਉੱਥੇ "ਮੈਂ" ਦੀ ਭਾਵਨਾ ਨਹੀਂ ਹੁੰਦੀ।")*
ਸ੍ਰੀ ਗੁਰੂ ਨਾਨਕ ਦੇਵ ਜੀ - *ਸ੍ਰੀ ਗੁਰੂ ਗ੍ਰੰਥ ਸਾਹਿਬ*

ਸਿੱਖ ਧਰਮ ਵਿਚ ਨੇਕ ਕਰਮ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਦਸਾਂ ਗੁਰੂਆਂ ਅਤੇ ਹੋਰ ਸਿੱਖਾਂ ਵਲੋਂ ਬਿਨਾਂ ਕਿਸੇ ਸਵਾਰਥ ਦੇ ਹੋਰਨਾਂ ਲਈ ਕੀਤੀਆਂ ਕੁਰਬਾਨੀਆਂ ਦੀਆਂ ਮਿਸਾਲਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ।

ਸਿੱਖਾਂ ਦਾ ਵਿਸ਼ਵਾਸ ਹੈ ਕਿ ਸਰੀਰ ਦੀ ਮੌਤ ਤੋਂ ਬਾਅਦ ਵੀ ਜ਼ਿੰਦਗੀ ਲਗਾਤਾਰ ਚਲਦੀ ਰਹਿੰਦੀ ਹੈ - ਅਤੇ ਜ਼ਿੰਦਗੀ ਦੇ ਕਾਇਮ ਰਹਿਣ ਲਈ ਸਰੀਰ ਦੀ ਲੋੜ ਨਹੀਂ ਹੁੰਦੀ - ਕਿਸੇ ਵਿਅਕਤੀ ਦੀ ਆਤਮਾ ਹੀ ਉਹਦੀ ਅਸਲ ਜ਼ਿੰਦਗੀ ਹੁੰਦੀ ਹੈ।

*"ਨੇਕ ਕੰਮਾਂ ਰਾਹੀਂ ਮਰ ਗਏ ਲੋਕਾਂ ਦਾ ਸੰਬੰਧ ਜੀਉਂਦੇ ਲੋਕਾਂ ਨਾਲ ਰਹਿੰਦਾ ਹੈ।"*
ਸ੍ਰੀ ਗੁਰੂ ਨਾਨਕ ਦੇਵ ਜੀ - *ਸ੍ਰੀ ਗੁਰੂ ਗ੍ਰੰਥ ਸਾਹਿਬ*

*"ਸਿੱਖ ਧਰਮ ਦੀ ਸਿੱਖਿਆ ਇਹ ਹੈ ਕਿ ਮੌਤ ਤੋਂ ਬਾਅਦ ਵੀ ਜ਼ਿੰਦਗੀ ਕਾਇਮ ਰਹਿੰਦੀ ਹੈ - ਪਰ ਆਤਮਾ ਦੇ ਰੂਪ ਵਿਚ, ਭੌਤਿਕ ਸਰੀਰ ਦੇ ਰੂਪ ਵਿਚ ਨਹੀਂ। ਅੰਗਦਾਨ ਕਰਕੇ ਹੋਰਨਾਂ ਦੀ ਮਦਦ ਕਰਨ ਦਾ ਅੰਤਮ ਦਾਨ ਸਿੱਖ ਧਰਮ ਦੇ ਅਸੂਲਾਂ ਅਤੇ ਸਿੱਖਿਆਵਾਂ ਦੇ ਅਨੁਸਾਰ ਪੂਰੀ ਤਰ੍ਹਾਂ ਸਹੀ ਕੰਮ ਹੈ।"*
ਡਾਕਟਰ ਇੰਦਰਜੀਤ ਸਿੰਘ ਓ ਬੀ ਈ, ਡਾਇਰੈਕਟਰ ਆੱਫ਼ ਦ ਨੈੱਟਵਰਕ ਆੱਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ।
ਅੰਮ੍ਰਿਤਸਰ, ਪੰਜਾਬ ਵਿਚ ਸਿੱਖ ਅਥਾਰਿਟੀਜ਼ ਵਲੋਂ ਸਮਰਥਨ

*"ਪਰਮਾਤਮਾ ਦੇ ਸੱਚੇ ਸੇਵਕ ਉਹ ਹਨ ਜੋ ਹੋਰ ਮਨੁੱਖਾਂ ਦੀ ਸੇਵਾ ਰਾਹੀਂ ਪਰਮਾਤਮਾ ਦੀ ਸੇਵਾ ਕਰਦੇ ਹਨ।"*
ਸ੍ਰੀ ਗੁਰੂ ਨਾਨਕ ਦੇਵ ਜੀ - *ਸ੍ਰੀ ਗੁਰੂ ਗ੍ਰੰਥ ਸਾਹਿਬ*